# ਦਫਤਰ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ) ਮਾਨਸਾ

ਪੱਲ :

ਪ੍ਰਿੰਸੀਪਲ/ਮੁੱਖ ਅਧਿਆਪਕ
ਦੀ ਹੈਰੀਟੇਜ਼ ਇੰਟਰਨੈਸ਼ਨਲ ਸਕੂਲ
ਭੀਖੀ।

ਪੱਤਰ ਨੰ: ਸਸਅ/ਆਰ.ਟੀ.ਈ./2023/ 22269 4          ਮਿਤੀ ਮਾਨਸਾ 10/8/23

ਵਿਸ਼ਾ:- ਬੱਚਿਆ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2010 ਦੇ ਨਿਯਮ 15 ਦੇ ਉਪ ਨਿਯਮ (4) ਅਧੀਨ, ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਐਕਟ, 2009 ਦੀ ਧਾਰਾ 18 ਦੇ ਮੰਤਵ ਲਈ ਸਕੂਲ ਦਾ ਮਾਨਤਾ ਪ੍ਰਾਪਤ ਪ੍ਰਮਾਣਪੱਤਰ।

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦੀ ਪ੍ਰਤੀ ਬੇਨਤੀ ਅਤੇ ਬਾਅਦ ਵਿਚ ਇਸ ਸਬੰਧੀ ਕੀਤੇ ਸਕੂਲ ਨਾਲ ਪੱਤਰ ਵਿਹਾਰ/ਪੜਤਾਲ ਦੇ ਅਧੀਨ **ਦੀ ਹੈਰੀਟੇਜ਼ ਇੰਟਰਨੈਸ਼ਨਲ ਸਕੂਲ ਭੀਖੀ ਜ਼ਿਲ੍ਹਾ ਮਾਨਸਾ** ਨੂੰ ਜਮਾਤ ਪਹਿਲੀ ਤੋਂ ਜਮਾਤ ਅੱਠਵੀਂ ਤੱਕ ਦੀ **ਸਾਲ 2023-24 (ਮਾਰਚ 2024 ਤੱਕ ਇੱਕ ਸਾਲ)** ਲਈ ਆਰਜੀ ਮਾਨਤਾ ਦਿੱਤੀ ਜਾਂਦੀ ਹੈ।ਉਪਰੋਕਤ ਮਾਨਤਾ ਹੇਠ ਦਿੱਤੀਆਂ ਸ਼ਰਤਾਂ ਦੇ ਆਧਾਰ ਤੇ ਹੈ:-

1) ਮਾਨਤਾ ਪ੍ਰਾਪਤ ਦੀ ਪ੍ਰਵਾਨਗੀ ਵਾਧੇ ਯੋਗ ਨਹੀ ਹੈ ਅਤੇ ਕਿਸੇ ਵੀ ਹਾਲਤ ਵਿਚ ਇਸ ਦਾ ਮਤਲਬ ਇਹ ਨਹੀ ਲਿਆ ਜਾਣਾ ਚਾਹੀਦਾ ਕਿ ਇਹ ਅੱਠਵੀਂ ਜਮਾਤ ਤੋਂ ਅੱਗੇ ਦੀ ਮਾਨਤਾ/ਸਬੰਧਕਰਨ ਲਈ ਲਾਜਮੀ ਹੈ।

2) ਸਕੂਲ ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਐਕਟ, 2009 (ਸਾਰਣੀ-1) ਅਤੇ ਬੱਚਿਆਂ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2010(ਸਾਰਣੀ-II) ਦੇ ਉਪਬੰਧਾਂ ਦੀ ਪਾਲਣਾ ਕਰੇਗਾ।

3) ਸਕੂਲ ਪਹਿਲੀ ਜਮਾਤ ਵਿਚ (ਜਾਂ ਪੂਰਵ ਸਕੂਲ ਜਮਾਤ ਵਿਚ, ਜੋ ਵੀ ਲਾਗੂ ਹੋਵੇ), ਜਮਾਤ ਦੀ ਕੁੱਲ ਸੰਖਿਆ ਦਾ 25 ਪ੍ਰਤੀਸ਼ਤ, ਕਮਜ਼ੋਰ ਤਬਕੇ ਅਤੇ ਗੈਰ ਸੁਵਿਧਾ ਪ੍ਰਾਪਤ ਸਮੂਹ ਦੇ ਆਸ ਪਾਸ ਦੇ ਬੱਚਿਆ ਦਾ ਦਾਖਲਾ ਕਰੇਗਾ ਅਤੇ ਮੁਫਤ ਅਤੇ ਲਾਜਮੀ ਮੁੱਢਲੀ ਸਿੱਖਿਆ, ਇਸ ਦੇ ਪੂਰੇ ਹੋਣ ਤੱਕ ਪ੍ਰਦਾਨ ਕਰੇਗਾ।

4) ਸਕੂਲ ਨੂੰ ਪੈਰ੍ਹਾ 3 ਵਿਚ ਦਿੱਤੇ ਬੱਚਿਆ ਲਈ ਐਕਟ ਦੀ ਧਾਰਾ 12 ਦੀ ਉਪ-ਧਾਰਾ(2) ਦੇ ਉਪਬੰਧਾਂ ਅਨੁਸਾਰ ਖਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ। ਇਹ ਪ੍ਰਤੀ ਪੂਰਤੀ ਲੈਣ ਲਈ ਸਕੂਲ ਨੂੰ ਵੱਖਰਾ ਬੈਂਕ ਖਾਤਾ ਰੱਖਣਾ ਪਵੇਗਾ।

5) ਸੰਸਥਾ/ਸਕੂਲ ਕੋਈ ਕੈਪੀਟੇਸ਼ਨ ਫੀਸ ਨਹੀ ਲਵੇਗਾ ਅਤੇ ਬੱਚੇ ਜਾਂ ਉਸ ਦੇ ਮਾਪਿਆਂ ਜਾਂ ਸਰਪ੍ਰਸਤਾਂ ਦੀ ਚੋਣ ਦੀ ਕੋਈ ਵਿਧੀ ਨਹੀ ਅਪਣਾਏਗਾ।

6) ਸਕੂਲ ਕਿਸੇ ਬੱਚੇ ਨੂੰ ਜਨਮ ਦਾ ਸਬੂਤ ਨਾ ਹੋਣ ਕਾਰਨ ਦਾਖਲੇ ਤੋਂ ਇਨਕਾਰ ਨਹੀ ਕਰੇਗਾ ਅਤੇ ਐਕਟ ਦੀ ਧਾਰਾ 15 ਦੇ ਉਪਬੰਧਾਂ ਦੀ ਪਾਲਣਾ ਕਰੇਗਾ।

(7) ਸਕੂਲ ਇਹ ਵੀ ਯਕੀਨੀ ਬਣਾਏਗਾ ਕਿ:-

a) ਕਿਸੇ ਵੀ ਦਾਖਲ ਕੀਤੇ ਬੱਚੇ ਨੂੰ ਕਲਾਸ ਵਿਚ ਵਾਪਸ ਨਹੀ ਰੱਖਿਆ ਜਾਵੇਗਾ ਜਾਂ ਸਕੂਲ ਵਿਚੋਂ ਕੱਢਿਆ ਨਹੀ ਜਾਵੇਗਾ ਜਦੋ ਤੱਕ ਕਿ ਉਸ ਦੀ ਸਕੂਲ ਵਿਚ ਮੁੱਢਲੀ ਸਿੱਖਿਆ ਪੂਰੀ ਨਹੀ ਹੋ ਜਾਂਦੀ।

b) ਕਿਸੇ ਵੀ ਬੱਚੇ ਨੂੰ ਸਰੀਰਕ ਦੰਡ ਜਾਂ ਮਾਨਸਿਕ ਪ੍ਰੇਸ਼ਾਨੀ ਨਹੀ ਦਿੱਤੀ ਜਾਵੇਗੀ।

c) ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਕਿਸੇ ਵੀ ਬੱਚੇ ਨੂੰ ਕੋਈ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀ ਹੋਵੇਗੀ;

d) ਹਰ ਇੱਕ ਬੱਚੇ ਨੂੰ ਜਿਸ ਨੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਹੋ ਨੂੰ ਨਿਯਮ 25 ਦੇ ਅਨੁਸਾਰ ਪ੍ਰਮਾਣ ਪੱਤਰ ਦਿੱਤਾ ਜਾਵੇਗਾ;

e) ਐਕਟ ਦੇ ਉਪਬੰਧਾ ਅਨੁਸਾਰ ਵਿਸੇਸ ਜਰੂਰਤਾਂ/ਅਪੰਗ ਵਿਦਿਆਰਥੀਆਂ ਦੀ ਸਮੂਲੀਅਤ;

f) ਅਧਿਆਪਕਾਂ ਲਈ ਇਹ ਜਰੂਰੀ ਹੈ ਕਿ ਉਹ ਧਾਰਾ 23(1) ਅਧੀਨ ਦਿੱਤੀਆਂ ਘੱਟੋ-ਘੱਟ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ। ਪ੍ਰੰਤੂ ਅੱਗੇ ਸ਼ਰਤ ਇਹ ਹੈ ਕਿ ਮੌਜੂਦਾ ਅਧਿਆਪਕ ਜੋ ਇਸ ਐਕਟ ਦੇ ਲਾਗੂ ਹੋਣ ਸਮੇ ਘੱਟੋ-ਘੱਟ ਵਿਦਿਅਕ ਯੋਗਤਾਵਾਂ ਪੂਰੀਆਂ ਨਹੀ ਕਰਦੇ, ਪੰਜ ਸਾਲ ਦੇ ਅੰਦਰ ਅੰਦਰ ਘੱਟੋ-ਘੱਟ ਵਿਦਿਅਕ ਯੋਗਤਾਵਾ ਪ੍ਰਾਪਤ ਕਰਨਗੇ। ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਸਟੇਟਮੈਂਟ ਨਾਲ ਨੱਥੀ ਕੀਤੀ ਜਾਵੇ।

g) ਅਧਿਆਪਕ ਐਕਟ ਦੀ ਧਾਰਾ 24(1) ਅਧੀਨ ਦਰਸਾਈਆਂ ਜਿੰਮੇਵਾਰੀਆਂ ਪੂਰੀਆਂ ਕਰਦੇ ਹੋਣ.

h) ਅਧਿਆਪਕ ਆਪਣੇ ਆਪ ਨੂੰ ਪ੍ਰਾਈਵੇਟ ਟਿਊਸ਼ਨਾਂ ਵਿਚ ਮਸਰੂਫ ਨਹੀ ਰੱਖਣਗੇ.

(8) ਸਕੂਲ ਪੜ੍ਹਾਈ ਦੇ ਵਿਸ਼ਿਆਂ ਦੇ ਆਧਾਰ ਤੇ ਉਚਿਤ ਅਥਾਰਟੀ ਦੁਆਰਾ ਨਿਰਧਾਰਤ ਕੀਤੇ ਸਿਲੇਬਸ ਦੀ ਪਾਲਣਾ ਕਰਨਗੇ।

(9) ਸਕੂਲ ਐਕਟ ਦੀ ਧਾਰਾ 19 ਵਿਚ ਨਿਰਧਾਰਤ ਸ਼ਰਤਾਂ ਅਤੇ ਮਿਆਰਾਂ ਦੀ ਪਾਲਣਾ ਕਰੇਗਾ। ਪਿਛਲੀ ਪੜਤਾਲ ਸਮੇਂ ਰਿਪੋਰਟ ਕੀਤੀਆਂ ਸਹੂਲਤਾਂ ਹੇਠ ਦਿੱਤੇ ਅਨੁਸਾਰ ਹਨ:-

(ੳ) ਸਕੂਲ ਕੈਂਪਸ ਦਾ ਖੇਤਰ:
(ਅ) ਕੁਲ ਇਮਾਰਤ ਅਧੀਨ ਖੇਤਰ:
(ੲ) ਖੇਡ ਦੇ ਮੈਦਾਨ ਦਾ ਖੇਤਰ:
(ਸ) ਕਲਾਸ ਦੇ ਕਮਰਿਆ ਦੀ ਗਿਣਤੀ:
(ਹ) ਮੁੱਖ ਅਧਿਆਪਕ ਲਈ ਦਫਤਰ-ਕਮ-ਸਟੋਰ ਦਾ ਕਮਰਾ:-
(ਕ) ਮੁੰਡੇ ਅਤੇ ਕੁੜੀਆਂ ਲਈ ਵੱਖਰੀਆਂ ਟੱਟੀਆਂ:-
(ਖ) ਪੀਣ ਦੇ ਪਾਣੀ ਦੀ ਸਹੂਲਤ:-
(ਗ) ਦੁਪਹਿਰ ਦਾ ਖਾਣਾ ਪਕਾਉਣ ਲਈ ਰਸੋਈ:-

(ਘ) ਬਿਨ੍ਹਾਂ ਰੁਕਾਵਟ ਪਹੁੰਚ:

(ਙ) ਪੜਾਉਣ, ਸਿੱਖਣ ਦਾ ਸਮਾਨ/ਖੇਡਾਂ ਦਾ ਸਮਾਨ/ਲਾਇਬਰੇਰੀ:

(10) ਸਕੂਲ ਦੇ ਇਸੇ ਨਾਮ ਤੇ ਸਕੂਲ ਦੀ ਇਮਾਰਤ ਅੰਦਰ ਜਾਂ ਇਸ ਦੇ ਬਾਹਰ ਕੋਈ ਵੀ ਗੈਰ ਮਾਨਤਾ ਪ੍ਰਾਪਤ ਜਮਾਤ ਨਹੀ ਚਲਾਈ ਜਾਵੇਗੀ।

(11) ਸਕੂਲ ਦੀ ਇਮਾਰਤ ਜਾਂ ਹੋਰ ਢਾਂਚਾ ਜਾਂ ਮੈਦਾਨ ਕੇਵਲ ਪੜ੍ਹਾਈ ਅਤੇ ਯੋਗਤਾ ਵਿਕਾਸ ਲਈ ਹੀ ਵਰਤੇ ਜਾਣਗੇ।

(12) ਸਕੂਲ ਸੁਸਾਇਟੀ ਰਜਿਸਟਰੇਸ਼ਨ ਐਕਟ, 1860(1860 ਦਾ 21) ਅਧੀਨ ਰਜਿਸਟਰ ਕੀਤੀ ਸੁਸਾਇਟੀ ਦੁਆਰਾ ਜਾਂ ਸਮੇਂ ਸਮੇਂ ਤੇ ਲਾਗੂ ਕਿਸੇ ਕਾਨੂੰਨ ਅਧੀਨ ਸਿਰਜੇ ਗਏ ਟਰੱਸਟ ਦੁਆਰਾ ਚਲਾਇਆ ਜਾ ਰਿਹਾ ਹੈ।

(13) ਸਕੂਲ ਕਿਸੇ ਨਿਜੀ, ਸਮੂਹ ਜਾਂ ਵਿਅਕਤੀਆਂ ਦੇ ਸਮੂਹਾਂ ਜਾਂ ਕਿਸੇ ਹੋਰ ਵਿਅਕਤੀ ਦੇ ਲਾਭ ਲਈ ਨਹੀ ਚਲਾਇਆ ਜਾ ਰਿਹਾ।

(14) ਲੇਖਾ ਕਿਸੇ ਪ੍ਰਮਾਨਿਤ ਚਾਰਟਿਡ ਲੇਖਾਕਾਰ ਦੁਆਰਾ ਆਡਿਟ ਕੀਤਾ ਜਾਣਾ ਚਾਹੀਦਾ ਹੈ ਅਤੇ ਨਿਯਮਾਂ ਅਨੁਸਾਰ ਲੇਖਿਆ ਦੀ ਸਟੇਟਮੈਂਟ ਤਿਆਰ ਕੀਤੀ ਜਾਵੇਗੀ। ਹਰ ਲੇਖਾ ਸਾਰਣੀ ਦੀ ਇਕ ਕਾਪੀ ਹਰ ਸਾਲ ਜਿਲ੍ਹਾ ਸਿੱਖਿਆ ਅਧਿਕਾਰੀ ਨੂੰ ਭੇਜੀ ਜਾਵੇਗੀ।

(15) ਆਪ ਦੇ ਸਕੂਲ ਦਾ ਮਾਨਤਾ ਪ੍ਰਾਪਤ ਕੋਡ ਨੰ: MNS- 187 ਹੈ। ਇਸ ਨੂੰ ਨੋਟ ਕਰ ਲਿਆ ਜਾਵੇ ਅਤੇ ਇਸ ਦਫਤਰ ਨਾਲ ਪੱਤਰ ਵਿਹਾਰ ਕਰਦੇ ਸਮੇਂ ਇਹ ਦਰਜ ਕੀਤਾ ਜਾਵੇ।

(16) ਸਕੂਲ ਜਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਸਮੇਂ-ਸਮੇਂ ਸਿਰ ਮੰਗੀ ਗਈ ਸੂਚਨਾ ਪੇਸ਼ ਕਰੇਗਾ ਅਤੇ ਉਚਿਤ ਅਥਾਰਟੀ ਜਾਂ ਜਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਹਦਾਇਤਾਂ ਜੋ ਮਾਨਤਾ ਪ੍ਰਾਪਤ ਦੀਆਂ ਸ਼ਰਤਾਂ ਪੂਰੀਆਂ ਕਰਨ ਜਾਂ ਸਕੂਲ ਦੇ ਕੰਮ ਕਾਜ ਵਿਚ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਕੀਤੀਆਂ ਜਾਣਗੀਆਂ ਦੀ ਪਾਲਣਾ ਕਰੇਗਾ।

(17) ਸੰਸਥਾ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ ਜੇਕਰ ਕੋਈ ਜਰੂਰੀ ਹੋਵੇ, ਕਰਵਾਉਣਾ ਯਕੀਨੀ ਬਣਾਇਆ ਜਾਵੇ।

(18) ਫਾਇਰ ਸੇਫਟੀ ਸਬੰਧੀ ਸਰਟੀਫਿਕੇਟ ਅਤੇ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਆਦ ਖਤਮ ਹੋਣ ਉਪਰੰਤ ਦੁਬਾਰਾ ਫਿਰ ਸਰਟੀਫਿਕੇਟ ਲੈ ਕੇ ਇਸ ਦਫਤਰ ਨੂੰ ਪੁੱਜਦਾ ਕੀਤਾ ਜਾਵੇ , ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮਾਨਤਾ ਰੱਦ ਕਰਨ ਦੀ ਪ੍ਰੀਕ੍ਰਿਆ ਆਰੰਭੀ ਜਾਵੇਗੀ ।

(19) ਮਾਧਿਅਮ ਅਤੇ ਬੋਲੀ ਦਾ ਸਰਟੀਫਿਕੇਟ

(20) ਅਧਿਆਪਕਾਂ ਨੂੰ ਦਿੱਤੀ ਜਾਣ ਵਾਲੀ ਤਨਖਾਹ ਦੇ ਏ-ਰੋਲ ਦੀ ਕਾਪੀ ਅਤੇ ਜਮੀਨ ਦੇ ਹਿਬਾਨਾਮਾ ਦੀ ਨਕਲ (ਇੰਤਕਾਲ)

(21) ਸਕੂਲ ਬਿਲਡਿੰਗ ਦਾ ਨਕਸ਼ਾ

(22) ਬੱਚਿਆਂ ਤੋਂ ਪ੍ਰਾਪਤ ਕੀਤੇ ਸਾਰੇ ਫੰਡਾਂ ਸਬੰਧੀ ਲਿਸਟਅਤੇ ਸਟਾਫ ਦੀ ਸਰਕਾਰੀ ਦਰਾਂ ਤੇ ਤਨਖਾਹ।

(23) ਪ੍ਰਬੰਧਕੀ ਕਮੇਟੀ ਦੀ ਸੂਚੀ।

(24) ਜੇਕਰ ਭਵਿੱਖ ਵਿਚ ਆਰ.ਟੀ.ਈ. ਐਕਟ ਅਤੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਤਾਂ ਆਰ.ਟੀ.ਈ. ਐਕਟ ਅਤੇ ਨਿਯਮਾਂ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇਗੀ ।

(25) ਨਿਯਮਾਂ ਅਨੁਸਾਰ ਸਕੂਲਾਂ ਦਾ ਬਿਲਡਿੰਗ ਸੇਫਟੀ ਅਤੇ ਫਾਇਰ ਸੇਫਟੀ ਸਰਟੀਫਿਕੇਟ ਇੱਕ ਸਾਲ ਲਈ ਪ੍ਰਮਾਣਿਕ ਹੁੰਦਾ ਹੈ। ਇਸ ਲਈ ਸਕੂਲ ਦੀ ਜਿੰਮੇਵਾਰੀ ਹੈ ਕਿ ਉਹ ਹਰ ਵਿੱਤੀ ਸਾਲ ਦੇ ਖਤਮ ਹੋਣ ਤੇ 20 ਦਿਨਾਂ ਦੇ ਅੰਦਰ ਅੰਦਰ ਜ਼ਿਲ੍ਹਾ ਦਫਤਰ ਵਿਖੇ ਉਕਤ ਦੋਨੋਂ ਸਰਟੀਫਿਕੇਟ ਜਮ੍ਹਾਂ ਕਰਵਾਉਣ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਕੂਲ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਆਪ ਵੱਲੋਂ ਮਾਨਤਾ ਰਿਨੀਊ ਕਰਨ ਲਈ ਲਗਾਏ ਫਾਇਰ ਸੇਫਟੀ ਅਤੇ ਬਿਲਡਿੰਗ ਸੇਫਟੀ ਸਰਟੀਫਿਕੇਟਾਂ ਦੀ ਵੈਰੀਫੀਕੇਸ਼ਨ ਸਬੰਧਤ ਦਫਤਰ ਤੋਂ ਕਰਵਾਈ ਜਾਵੇਗੀ। ਜੇਕਰ ਇਹ ਸਰਟੀਫਿਕੇਟ ਗਲਤ ਪਾਏ ਗਏ ਤਾਂ ਆਪ ਦੇ ਸਕੂਲ ਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ ਅਤੇ ਬਣਦੀ ਵਿਭਾਗੀ/ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(26) ਜੇਕਰ ਸਕੂਲ ਵੱਲੋਂ ਆਰ.ਟੀ.ਐਕਟ. ਦੇ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਕੂਲ ਦੀ ਮਾਨਤਾ ਬਿਨਾਂ ਕਿਸੇ ਅਗਾਊਂ ਨੋਟਿਸ ਦੇ ਰੱਦ ਕੀਤੀ ਜਾ ਸਕਦੀ ਹੈ ਅਤੇ ਇਸ ਸਬੰਧੀ ਸਕੂਲ ਦਾ ਕੋਈ ਵੀ ਦਾਅਵਾ ਸਵੀਕਾਰ ਨਹੀਂ ਕੀਤਾ ਜਾਵੇਗਾ।

(27) ਜੇਕਰ ਸਕੂਲ ਨੂੰ ਆਰ.ਟੀ.ਈ ਐਕਟ ਦੇ ਨਿਯਮਾਂ ਅਨੁਸਾਰ ਜਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਸਰਕਾਰੀ ਫੀਸ ਜਾਂ ਕੋਈ ਰਿਜਰਵ ਮਨੀ ਜਮ੍ਹਾਂ ਕਰਵਾਉਣ ਲਈ ਕਿਹਾ ਜਾਂਦਾ ਹੈ ਤਾਂ ਸਕੂਲ ਇਸ ਰਾਸ਼ੀ ਨੂੰ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ।

R Bansal 10/8/22.

ਜਿਲ੍ਹਾ ਸਿੱਖਿਆ ਅਫਸਰ(ਐ.ਸਿ)
ਮਾਨਸਾ